# ਇਹ ਲੋਕ ਕੌਣ ਹਨ?

## ਈ ਐੱਸ ਐੱਸ ਵਲੰਟੀਅਰ

---

### ਈ ਐੱਸ ਐੱਸ ਵਲੰਟੀਅਰ ਕੀ ਕਰਦੇ ਹਨ?

ਐਮਰਜੰਸੀ ਸੋਸ਼ਲ ਸਰਵਿਸਿਜ਼ (ਹੰਗਾਮੀ ਹਾਲਤ ਵਿਚ ਸਮਾਜਿਕ ਸੇਵਾਵਾਂ ਦਾ) ਪ੍ਰੋਗਰਾਮ ਸੇਵਾ ਭਾਵਨਾ ਤੇ ਆਧਾਰਿਤ ਹੈ ਅਤੇ ਕਿਸੇ ਆਫ਼ਤ ਆਉਣ ਦੀ ਸੂਰਤ ਵਿਚ ਆਪਣੇ ਗਵਾਂਢੀਆਂ ਅਤੇ ਸਾਥੀ ਨਾਗਰਿਕਾਂ ਦੀ ਭਲਾਈ ਲਈ ਯੋਜਨਾ ਬਣਾਉਣ ਵਿਚ ਮਦਦ ਕਰਨ ਦੇ ਇੱਛਾਵਾਨ ਲੋਕਾਂ ਤੇ ਨਿਰਭਰ ਹੈ।

**ਈ ਐੱਸ ਐੱਸ ਦੇ ਵਲੰਟੀਅਰ ਆਪਣੀ ਕਮਿਉਨਟੀ ਦੀ ਕਈ ਤਰੀਕਿਆਂ ਨਾਲ ਮਦਦ ਕਰਦੇ ਹਨ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:**

- ਸਥਾਨਕ ਕਾਰੋਬਾਰਾਂ ਨੂੰ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇਣਾ
- ਸੰਭਾਵੀ ਰਿਸੈਪਸ਼ਨ ਸੈਂਟਰਾਂ ਅਤੇ ਗਰੁੱਪਾਂ ਦੀ ਰਿਹਾਇਸ਼ ਲਈ ਥਾਂਵਾਂ ਦੀ ਪਛਾਣ ਕਰਨਾ
- ਹੋਰ ਵਲੰਟੀਅਰ ਭਰਤੀ ਕਰਨਾ ਅਤੇ ਉਨ੍ਹਾਂ ਨੂੰ ਟਰੇਨਿੰਗ ਦੇਣਾ
- ਸੰਪਰਕ ਲਿਸਟਾਂ ਪੂਰੀਆਂ ਕਰਨਾ ਅਤੇ ਉਨ੍ਹਾਂ ਦੀ ਯੋਜਨਾ ਤੇ ਅਭਿਆਸ ਕਰਨਾ
- ਕਿਸੇ ਆਫ਼ਤ ਤੋਂ ਬਾਅਦ ਲੋਕਾਂ ਨੂੰ ਮਿਲਦੀ ਮਦਦ ਬਾਰੇ ਜਾਣਕਾਰੀ ਦੇਣਾ
- ਆਫ਼ਤ ਨਾਲ ਪ੍ਰਭਾਵਿਤ ਹੋਏ ਲੋਕਾਂ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨਾ




**ਵਲੰਟੀਅਰ ਅਭਿਆਸ**

**ਵਲੰਟੀਅਰਾਂ ਵਿਚ ਅੱਗੇ ਲਿਖੀਆਂ ਖੂਬੀਆਂ ਹੋਣੀਆਂ ਚਾਹੀਦੀਆਂ ਹਨ:**

- ਆਫ਼ਤ ਤੋਂ ਪ੍ਰਭਾਵਿਤ ਹੋਏ ਲੋਕਾਂ ਲਈ ਫਿਕਰ
- ਚੰਗੀ ਗੱਲਬਾਤ ਕਰ ਸਕਣਾ
- ਥੋੜ੍ਹੇ ਜਿਹੇ ਸਮੇਂ ਵਿਚ ਹੀ ਹਾਜ਼ਰ ਹੋ ਸਕਣਾ
- ਟੀਮ ਦੇ ਹਿੱਸੇ ਵਜੋਂ ਕੰਮ ਕਰਨ ਲਈ ਚਾਹੀਦਾ ਲਚਕੀਲਾਪਣ ਅਤੇ ਚਾਹ
- ਚੰਗੀ ਸਿਹਤ
- ਸਾਹਸ ਵਾਲੇ ਕੰਮ ਕਰਨ ਦੀ ਸੂਝ



**ਈ ਐੱਸ ਐੱਸ ਦੇ ਵਲੰਟੀਅਰ**

ਇਸ ਤੋਂ ਇਲਾਵਾ, ਵਲੰਟੀਅਰਾਂ ਦਾ ਪ੍ਰਬੰਧ ਕਰਨ, ਇੰਟਰਵਿਊਆਂ ਕਰਨ ਅਤੇ ਕੋਈ ਹੋਰ ਜ਼ਬਾਨ ਬੋਲ ਸਕਣ ਵਰਗੇ ਹੁਨਰਾਂ ਦਾ ਸੁਆਗਤ ਕੀਤਾ ਜਾਂਦਾ ਹੈ।

---

### ਈ ਐੱਸ ਐੱਸ ਲਈ ਵਲੰਟੀਅਰ ਕਿਵੇਂ ਬਣਨਾ ਹੈ

ਤੁਹਾਡੀ ਸਥਾਨਕ ਸਰਕਾਰ ਜਾਂ ਮਿਊਂਸਪਿਲਟੀ, ਕਿਸੇ ਆਫ਼ਤ ਵਿਚ ਐਮਰਜੰਸੀ ਸਮਾਜਿਕ ਸੇਵਾਵਾਂ ਪ੍ਰਦਾਨ ਕਰਨ ਦੀ ਯੋਜਨਾ ਤਿਆਰ ਕਰਨ ਲਈ ਜ਼ਿੰਮੇਵਾਰ ਹੈ। ਈ ਐੱਸ ਐੱਸ ਵਲੰਟੀਅਰ ਵਜੋਂ ਆਪਣੀਆਂ ਸੇਵਾਵਾਂ ਪੇਸ਼ ਕਰਨ ਲਈ, ਆਪਣੇ ਮਿਊਂਸਪਲ ਆਫਿਸ ਨਾਲ ਸੰਪਰਕ ਕਰੋ ਅਤੇ ਈ ਐੱਸ ਐੱਸ ਡਾਇਰੈਕਟਰ ਜਾਂ ਆਪਣੀ ਕਮਿਊਨਟੀ ਦੇ ਐਮਰਜੰਸੀ ਕੋਆਰਡੀਨੇਟਰ ਨਾਲ ਸੰਪਰਕ ਕਰਨ ਦੀ ਮੰਗ ਕਰੋ।

ਜੇ ਇਸ ਵੇਲੇ ਕੋਈ ਵੀ ਇਨ੍ਹਾਂ ਅਹੁਦਿਆਂ ਤੇ ਨਹੀਂ ਹੈ ਤਾਂ ਤੁਸੀਂ ਆਪਣੀ ਕਮਿਊਨਟੀ ਵਿਚ ਇਕ ਈ ਐੱਸ ਐੱਸ ਟੀਮ ਸਥਾਪਤ ਕਰਨ ਬਾਰੇ ਸੁਝਾਅ ਅਤੇ ਸਹਾਇਤਾ ਲੈਣ ਲਈ ਈ ਐੱਸ ਐੱਸ ਪ੍ਰੋਗਰਾਮ ਆਫਿਸ ਨਾਲ ਸਲਾਹ ਕਰ ਸਕਦੇ ਹੋ।



**ਵਲੰਟੀਅਰ ਬਣਨਾ**